# ਕੇਵਲ ਵਿਲੱਖਣ ਸਮਰੱਥਾ ਵਾਲੇ ਪ੍ਰੀਖਿਆਰਥੀਆਂ ਲਈ

ਲਿਖਤੀ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਦੀ ਬਣਤਰ

ਦਸਵੀਂ ਸ਼੍ਰੇਣੀ ਪ੍ਰੀਖਿਆ, ਮਾਰਚ - 2022

# ਖੇਤੀਬਾੜੀ

ਸਮਾਂ : $2\frac{1}{2}$ ਘੰਟੇ

ਕੁੱਲ ਅੰਕ : 50 ਅੰਕ

ਪ੍ਰਸ਼ਨ ਪੱਤਰ ਵਿੱਚ ਕੁੱਲ 21 ਪ੍ਰਸ਼ਨ ਹੋਣਗੇ । ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੈ :

| ਸੈਕਸ਼ਨ | ਪਾਠ ਨੰਬਰ | 2-2 ਅੰਕਾਂ ਵਾਲੇ ਆਬਜੈਕਟਿਵ ਟਾਈਪ ਪ੍ਰਸ਼ਨ | | | 3-3 ਅੰਕਾਂ ਵਾਲੇ ਛੋਟੇ ਉੱਤਰਾਂ ਵਾਲੇ ਪ੍ਰਸ਼ਨ | 4-4 ਅੰਕਾਂ ਵਾਲੇ ਵੱਡੇ ਉੱਤਰਾਂ ਵਾਲੇ ਪ੍ਰਸ਼ਨ | ਕੁੱਲ |
|---|---|---|---|---|---|---|---|
| | | ਬਹੁ-ਭਾਂਤੀ ਉੱਤਰਾਂ ਵਾਲੇ ਪ੍ਰਸ਼ਨ | ਖ਼ਾਲੀ ਥਾਵਾਂ ਭਰੋ ਵਾਲੇ ਪ੍ਰਸ਼ਨ | ਸਹੀ ਜਾਂ ਗ਼ਲਤ ਕਥਨਾਂ ਵਾਲੇ ਪ੍ਰਸ਼ਨ | | | |
| ੳ | 1, 2, 3 | 1 | 2 | 2 | 1 | 0 | 13 ਅੰਕ |
| ਅ | 4, 5, 6 | 1 | 1 | 1 | 1 | 1 | 13 ਅੰਕ |
| ੲ | 7, 8, 9 | 1 | 1 | 1 | 1 | 1 | 13 ਅੰਕ |
| ਸ | 10, 11 | 1 | 2 | 1 | 1 | 0 | 11 ਅੰਕ |
| ਕੁੱਲ ਪ੍ਰਸ਼ਨ | | 4 | 6 | 5 | 4 | 2 | 21 ਪ੍ਰਸ਼ਨ |
| ਕੁੱਲ ਅੰਕ | | 8 | 12 | 10 | 12 | 8 | 50 ਅੰਕ |

ਪ੍ਰਸ਼ਨ ਪੱਤਰ ਨੂੰ ਪੰਜ ਭਾਗਾਂ ਵਿੱਚ ਵੰਡਿਆ ਗਿਆ ਹੈ :

**ਭਾਗ ਨੰ. I** ਪ੍ਰਸ਼ਨ ਨੰ. 1 ਤੋਂ 4 ਤੱਕ **ਦੋ-ਦੋ ਅੰਕਾਂ** ਵਾਲੇ ਹੋਣਗੇ । ਇਹ ਪ੍ਰਸ਼ਨ **ਬਹੁ-ਭਾਂਤੀ ਉੱਤਰਾਂ ਵਾਲੇ** ਹੋਣਗੇ । ਇਹ ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।

**ਭਾਗ ਨੰ. II** ਪ੍ਰਸ਼ਨ ਨੰ. 5 ਤੋਂ 10 ਤੱਕ **ਦੋ-ਦੋ ਅੰਕਾਂ** ਵਾਲੇ ਹੋਣਗੇ । ਇਨ੍ਹਾਂ ਪ੍ਰਸ਼ਨਾਂ ਦੇ ਸਾਹਮਣੇ **ਬਰੈਕਟ ਵਿੱਚ ਦਿੱਤੇ ਗਏ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂ ਭਰਨੀ ਹੋਵੇਗੀ** ।ਇਹ ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।

**ਭਾਗ ਨੰ. III** ਪ੍ਰਸ਼ਨ ਨੰ. 11 ਤੋਂ 15 ਤੱਕ **ਦੋ-ਦੋ ਅੰਕਾਂ** ਵਾਲੇ ਹੋਣਗੇ । ਇਨ੍ਹਾਂ ਪ੍ਰਸ਼ਨਾਂ ਦੇ ਵਿੱਚੋਂ **ਸਹੀ ਜਾਂ ਗ਼ਲਤ ਕਥਨ ਚੁਣਨਾ ਹੋਵੇਗਾ** । ਇਹ ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ ।

**ਭਾਗ ਨੰ. IV** ਪ੍ਰਸ਼ਨ ਨੰ. 16 ਅਤੇ 19 **ਤਿੰਨ-ਤਿੰਨ ਅੰਕਾਂ** ਵਾਲੇ **ਛੋਟੇ ਉੱਤਰਾਂ ਵਾਲੇ ਪ੍ਰਸ਼ਨ** ਹੋਣਗੇ । ਹਰੇਕ ਪ੍ਰਸ਼ਨ ਦਾ ਉੱਤਰ ਲਗਭਗ **ਇੱਕ-ਦੋ ਵਾਕਾਂ** ਦਾ ਹੋਵੇਗਾ । ਇਨ੍ਹਾਂ **ਸਾਰੇ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ** ਹੋਵੇਗੀ । ਅੰਦਰੂਨੀ ਛੋਟ ਵਾਲਾ ਪ੍ਰਸ਼ਨ ਉਸੇ ਸੈਕਸ਼ਨ ਵਿੱਚੋਂ ਹੀ ਹੋਵੇਗਾ ।

**ਭਾਗ ਨੰ. V** ਪ੍ਰਸ਼ਨ ਨੰ. 20 ਅਤੇ 21 **ਚਾਰ-ਚਾਰ ਅੰਕਾਂ** ਵਾਲੇ **ਵੱਡੇ ਉੱਤਰਾਂ ਵਾਲੇ ਪ੍ਰਸ਼ਨ** ਹੋਣਗੇ । ਹਰੇਕ ਪ੍ਰਸ਼ਨ ਦਾ ਉੱਤਰ ਲਗਭਗ **ਤਿੰਨ-ਚਾਰ ਵਾਕਾਂ** ਦਾ ਹੋਵੇਗਾ । ਇਨ੍ਹਾਂ **ਸਾਰੇ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ** ਹੋਵੇਗੀ ।ਅੰਦਰੂਨੀ ਛੋਟ ਵਾਲਾ ਪ੍ਰਸ਼ਨ ਉਸੇ ਸੈਕਸ਼ਨ ਵਿੱਚੋਂ ਹੀ ਹੋਵੇਗਾ ।

ਅਕਾਦਮਿਕ ਸਾਲ : 2021-22
ਦਸਵੀਂ ਪ੍ਰੀਖਿਆ : ਮਾਰਚ-2022
ਸ਼੍ਰੇਣੀ : ਦਸਵੀਂ
ਵਿਸ਼ਾ ਕੋਡ ਅਤੇ ਵਿਸ਼ਾ – DA-35 ਖੇਤੀਬਾੜੀ

# ਪਾਠਕ੍ਰਮ

## ਲਿਖਤੀ

1. **ਖੇਤੀਬਾੜੀ ਸਹਿਯੋਗੀ ਸੰਸਥਾਵਾਂ :** ਰਾਜ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਵੱਖ-ਵੱਖ ਖੇਤੀਬਾੜੀ ਸਹਿਯੋਗੀ ਸੰਸਥਾਵਾਂ ਅਤੇ ਉਨ੍ਹਾਂ ਦਾ ਖੇਤੀਬਾੜੀ ਦੇ ਵਿਕਾਸ ਵਿੱਚ ਯੋਗਦਾਨ ।
2. **ਖੇਤੀ ਗਿਆਨਵਿਗਿਆਨ ਦਾ ਸੋਮਾ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ :** ਸਥਾਪਨਾ, ਉਦੇਸ਼ ਅਤੇ ਗਤੀਵਿਧੀਆਂ ਆਦਿ ਸਬੰਧੀ ਜਾਣਕਾਰੀ। ਖੇਤੀਬਾੜੀ ਸਿੱਖਿਆ, ਖੋਜ ਅਤੇ ਪਸਾਰ ਦੇ ਖੇਤਰ ਵਿੱਚ ਯੋਗਦਾਨ ।
3. **ਹਾੜ੍ਹੀ ਦੀਆਂ ਫ਼ਸਲਾਂ :** ਹਾੜ੍ਹੀ ਦੀਆਂ ਅਨਾਜ ਵਾਲੀਆਂ ਫ਼ਸਲਾਂ : ਕਣਕ ਅਤੇ ਜੌਂ, ਦਾਲ ਵਾਲੀਆਂ ਫ਼ਸਲਾਂ : ਛੋਲੇ ਅਤੇ ਮਸਰ, ਤੇਲ ਬੀਜ ਫ਼ਸਲਾਂ : ਰਾਇਆ, ਗੋਭੀ ਸਰੋਂ ਅਤੇ ਸੂਰਜਮੁਖੀ, ਚਾਰੇ ਵਾਲੀਆਂ ਫ਼ਸਲਾਂ : ਬਰਸੀਮ ਅਤੇ ਜਵੀਂ ਦੀ ਕਾਸ਼ਤ ਸਬੰਧੀ ਜਾਣਕਾਰੀ ।
4. **ਸਰਦੀਆਂ ਦੀਆਂ ਸਬਜ਼ੀਆਂ ਦੀ ਕਾਸ਼ਤ :** ਸਬਜ਼ੀਆਂ ਦਾ ਮਹੱਤਵ ਅਤੇ ਮੁੱਢਲੀ ਜਾਣਕਾਰੀ । ਸਰਦੀਆਂ ਦੀਆਂ ਸਬਜ਼ੀਆਂ ਗਾਜਰ, ਮੂਲ਼ੀ, ਮਟਰ, ਫੁੱਲ ਗੋਭੀ, ਬੰਦ ਗੋਭੀ, ਬਰੋਕਲੀ, ਚੀਨੀ ਬੰਦ ਗੋਭੀ ਅਤੇ ਆਲੂ ਦੀ ਕਾਸ਼ਤ ਸਬੰਧੀ ਜਾਣਕਾਰੀ।
5. **ਫ਼ਲਦਾਰ ਪੌਦਿਆਂ ਦੀ ਕਾਸ਼ਤ :** ਮਨੁੱਖੀ ਭੋਜਨ ਵਿੱਚ ਫਲ਼ਾਂ ਦਾ ਮਹੱਤਵ, ਜਲਵਾਯੂ ਦੇ ਅਧਾਰ ਤੇ ਇਲਾਕਿਆਂ ਦੀ ਵੰਡ, ਬਾਗ਼ ਲਗਾਉਣ ਦਾ ਸਮਾਂ, ਮਿੱਟੀ, ਪਾਣੀ, ਵਿਉਂਤਬੰਦੀ, ਬੂਟੇ ਲਗਾਉਣ ਦਾ ਢੰਗ, ਉੱਨਤ ਕਿਸਮਾਂ, ਫ਼ਾਸਲਾ, ਨਰਸਰੀ ਤੋਂ ਬੂਟਿਆਂ ਦੀ ਚੋਣ, ਖਾਦਾਂ ਦੀ ਵਰਤੋਂ, ਸਿੰਚਾਈ, ਸੁਧਾਈ, ਕਾਂਟਛਾਂਟ, ਫਲ਼ਾਂ ਦੀ ਤੁੜਾਈ ਆਦਿ ਸਬੰਧੀ ਜਾਣਕਾਰੀ ।
6. **ਵਣ ਖੇਤੀ :** ਵਣ ਖੇਤੀ ਦੀ ਮਹੱਤਤਾ, ਮੁੱਖ ਮਾਡਲ, ਦਰੱਖਤਾਂ ਦੀ ਚੋਣ, ਵਪਾਰਕ ਵਣ ਖੇਤੀ, ਪਾਪੂਲਰ ਅਤੇ ਸਫ਼ੈਦੇ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ।
7. **ਆਰਥਿਕ ਵਿਕਾਸ ਵਿੱਚ ਖੇਤੀ ਦਾ ਯੋਗਦਾਨ :** ਕੁੱਲ ਘਰੇਲੂ ਆਮਦਨ ਵਿੱਚ ਹਿੱਸੇਦਾਰੀ, ਉਦਯੋਗਿਕ ਵਿਕਾਸ ਵਿੱਚ ਖੇਤੀਬਾੜੀ ਤੇ ਨਿਰਭਰਤਾ, ਸੇਵਾਵਾਂ ਖੇਤਰ, ਹਰਾ ਇਨਕਲਾਬ, ਆਤਮਨਿਰਭਰ ਦੇਸ, ਲੋਕ ਵਿਤਰਨ ਪ੍ਰਣਾਲੀ, ਭੋਜਨ ਸੁਰੱਖਿਆ ਐਕਟ , ਅੰਤਰ ਰਾਸ਼ਟਰੀ ਵਪਾਰ ਅਤੇ ਸਰਕਾਰ ਦੀ ਆਮਦਨ ਵਿੱਚ ਵਾਧੇ ਆਦਿ ਸਬੰਧੀ ਜਾਣਕਾਰੀ ।
8. **ਖੇਤੀ ਅਧਾਰਿਤ ਉਦਯੋਗਿਕ ਧੰਦੇ :** ਛੋਟੇ ਅਤੇ ਵੱਡੇ ਪੱਧਰ ਤੇ ਫੂਡ ਪ੍ਰੋਸੈਸਿੰਗ ਇਕਾਈਆਂ ਲਗਾਉਣ ਸਬੰਧੀ ਜਾਣਕਾਰੀ ।
9. **ਤਸਦੀਕਸ਼ੁਦਾ ਬੀਜ ਉਤਪਾਦਨ :** ਹਰੀ ਕ੍ਰਾਂਤੀ ਵਿੱਚ ਉੱਨਤ ਬੀਜਾਂ ਦਾ ਯੋਗਦਾਨ, ਬੀਜਾਂ ਦੇ ਬਾਹਰੀ ਦਿੱਖ ਵਾਲੇ ਗੁਣ, ਫ਼ਸਲਾਂ ਦੇ ਜੱਦੀ-ਪੁਸ਼ਤੀ ਗੁਣ, ਤਸਦੀਕਸ਼ੁਦਾ ਬੀਜ ਦੀ ਪਰਿਭਾਸ਼ਾ, ਗੁਣ, ਨਿਸ਼ਾਨੀਆਂ, ਬੀਜ ਕਾਨੂੰਨ 1966, ਬੀਜਾਂ ਦੀਆਂ ਸ਼੍ਰੇਣੀਆਂ, ਮਿਆਰ, ਉਤਪਾਦਨ, ਸਰਕਾਰੀ ਸੰਸਥਾਵਾਂ ਵੱਲੋਂ ਸਹੂਲਤਾਂ, ਲਾਭਹਾਨੀ ਦੀ ਸੰਭਾਵਨਾਵਾਂ ਅਤੇ ਮੰਡੀਕਰਨ ।
10. **ਫ਼ਸਲਾਂ ਲਈ ਹਾਨੀਕਾਰਕ ਅਤੇ ਲਾਭਦਾਇਕ ਜੀਵ :** ਫ਼ਸਲਾਂ ਲਈ ਲਾਭਦਾਇਕ ਪੰਛੀ ਨੀਲ ਕੰਠ, ਟਟੀਹਰੀ, ਗਾਏ ਬਗਲਾ, ਤੋਤਾ, ਉੱਲੂ, ਚੁਗ਼ਲ ਅਤੇ ਚੱਕੀਰਾਹਾ ਆਦਿ ਸਬੰਧੀ ਜਾਣਕਾਰੀ ਅਤੇ ਉਨ੍ਹਾਂ ਨੂੰ ਬਚਾਉਣ ਨੂੰ ਕੀਤੇ ਜਾਣ ਵਾਲੇ ਉਪਰਾਲੇ । ਫ਼ਸਲਾਂ ਲਈ ਹਾਨੀਕਾਰਕ ਪੰਛੀ ਤੋਤਾ, ਘੁੱਗੀ, ਕਬੂਤਰ ਅਤੇ ਬਿਜੜੇ ਆਦਿ ਤੋਂ ਬਚਾਓ ਦੇ ਤਰੀਕੇ । ਹਾਨੀਕਾਰਕ ਜੰਤੂ ਚੂਹਿਆਂ ਦੀਆਂ ਵੱਖਵੱਖ ਕਿਸਮਾਂ ਅਤੇ ਇਨ੍ਹਾਂ ਦੀ ਰੋਕਥਾਮ ਸਬੰਧੀ ਜਾਣਕਾਰੀ ।
11. **ਪੌਦਾ ਰੋਗ ਨਿਵਾਰਨ ਕਲੀਨਿਕ :** ਪਲਾਂਟ ਕਲੀਨਿਕ ਦੀ ਪਰਿਭਾਸ਼ਾ, ਲਾਭ, ਪਲਾਂਟ ਕਲੀਨਿਕ ਸਥਾਪਿਤ ਕਰਨ ਲਈ ਲੋੜੀਂਦੀ ਸਮੱਗਰੀ ਦੀ ਵਿਸਥਾਰ ਪੂਰਵਕ ਜਾਣਕਾਰੀ ।